# ਜਤਿੰਦਰ ਬਰਾੜ ਦੇ ਨਾਟਕ ਫ਼ਾਸਲੇ ਦਾ ਵਿਸ਼ੇਗਤ ਅਧਿਐਨ



ਅਕਵਿੰਦਰ ਕੌਰ
ਸਹਾਇਕ ਪ੍ਰੋਫੈਸਰ
ਪੀ.ਸੀ ਐੱਮ ਐੱਸ ਡੀ
ਕਾਲਜ ਫ਼ਾਰ ਵੂਮੈਨ,
ਜਲੰਧਰ।
+91 98772-45989

ਨਾਟਕ ਅਜਿਹਾ ਸਾਹਿਤ ਰੂਪ ਹੈ, ਜਿਸ ਵਿਚ ਨਾਟਕਕਾਰ ਜੀਵਨ ਦੇ ਕਿਸੇ ਸੱਚ ਦੀ ਵਿਆਖਿਆ ਨੂੰ ਦਰਸ਼ਕਾਂ ਦੇ ਸਨਮੁੱਖ ਪਾਤਰਾਂ ਦੇ ਕਾਰਜ ਰਾਹੀਂ ਪੇਸ਼ ਕਰਦਾ ਹੈ। ਇੰਜ ਨਾਟਕ ਕਲਾ ਅਜਿਹੀ ਚੇਤੰਨ ਤੇ ਜਾਗਰੂਕ ਕਲਾ ਹੈ, ਜੋ ਹਰ ਵੰਗਾਰ ਦੇ ਸਨਮੁੱਖ ਆਪਣੀ ਠੁੱਕ ਕਾਇਮ ਕਰਕੇ ਜਨ ਸਧਾਰਨ ਦੇ ਸੁਖਾਵੇਂ ਜੀਵਨ ਦਾ ਆਧਾਰ ਬਣਦੀ ਹੈ। ਇਸ ਖੋਜ ਪਰਚੇ ਰਾਹੀਂ ਜਤਿੰਦਰ ਬਰਾੜ ਦੇ ਨਾਟਕ ਫ਼ਾਸਲੇ ਵਿਚਲੇ ਵਿਸ਼ਿਆਂ ਨੂੰ ਕੇਂਦਰ ਬਿੰਦੂ ਵਜੋਂ ਵਿਚਾਰਿਆ ਜਾਵੇਗਾ।

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਜਤਿੰਦਰ ਬਰਾੜ ਸਫ਼ਲ ਉਦਯੋਗਪਤੀ, ਸੂਖਮ ਭਾਵੀ ਕਵੀ, ਕਲਾਕਾਰ, ਚਿਤਰਕਾਰ, ਨਾਟਕਕਾਰ ਅਭਿਨੇਤਾ ਅਤੇ ਨਾਟ ਨਿਰਦੇਸ਼ਕ ਹਨ। ਜ਼ਿੰਦਗੀ ਵਿਚ ਹਰੇਕ ਕਾਰਜ ਪੂਰੀ ਇਮਾਨਦਾਰੀ ਨਾਲ ਨਿਭਾਉਣ ਵਾਲੇ ਜਤਿੰਦਰ ਬਰਾੜ ਦਾ ਜਨਮ 18 ਜੁਲਾਈ 1945 ਈਸਵੀ ਨੂੰ ਜਗਦੇਵ ਖੁਰਦ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ੍ਰ। ਸੂਰਤ ਸਿੰਘ ਬਰਾੜ ਅਤੇ ਸ਼੍ਰੀਮਤੀ ਬਲਬੀਰ ਕੌਰ ਦੇ ਘਰ ਹੋਇਆ। ਉਹਨਾਂ ਨੇ ਮਕੈਨੀਕਲ ਇੰਜੀਨੀਅਰਿੰਗ ਤੱਕ ਵਿੱਦਿਆ ਪ੍ਰਾਪਤ ਕੀਤੀ ਅਤੇ ਨੌਕਰੀ ਦੌਰਾਨ ਉਹਨਾਂ ਨੇ ਮਹਿਸੂਸ ਕੀਤਾ ਕਿ ਹਰੇਕ ਥਾਂ ਤੇ ਸਿਫਾਰਸ਼ੀ ਅਤੇ ਘੱਟ ਨੰਬਰਾਂ ਨੂੰ ਹੀ ਪਹਿਲ ਮਿਲਦੀ ਹੈ। ਉਹਨਾਂ ਨੇ ਬਟਾਲੇ ਵਿਚ ਕੁਝ ਸਮਾਂ ਨੌਕਰੀ ਕੀਤੀ ਤੇ ਉੱਥੇ ਕਾਮਿਆਂ ਦਾ ਸ਼ੋਸ਼ਣ ਦੇਖਿਆ ਨਾ ਗਿਆ ਤੇ ਇਹ ਨੌਕਰੀ ਛੱਡ ਦਿੱਤੀ ਫਿਰ ਉਹਨਾਂ ਨੇ ਕੁਝ ਸਮਾਂ ਮਾਰਕਫੈੱਡ ਵਿਚ ਵੀ ਨੌਕਰੀ ਕੀਤੀ ਉੱਥੇ ਵੀ ਉਹ ਨਾ ਖੁਸ਼ ਸਨ। ਸਰਕਾਰੀ ਦਫਤਰਾਂ ਵਿਚ ਫ਼ੈਲੇ ਭ੍ਰਿਸ਼ਟਾਚਾਰ ਨੂੰ ਦੇਖਦੇ ਹੋਏ ਬਰਾੜ ਨੇ ਇਹ ਨੌਕਰੀ ਵੀ ਛੱਡ ਦਿੱਤੀ। ਲਿਖਣਾ ਉਹਨਾਂ ਦਾ ਸ਼ੌਂਕ ਰਿਹਾ ਹੈ ਜਿਸ ਦੇ ਤਹਿਤ ਨਾਟਕੀ ਸਰਗਰਮੀ ਨੂੰ ਚਲਦਿਆਂ ਰੱਖ ਕੇ ਆਪਣਾ ਕਾਰੋਬਾਰ ਆਰੰਭ ਕੀਤਾ। ਜੋ ਅੱਜ ਤੱਕ ਸਫਲਤਾ ਸਹਿਤ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਉਹਨਾਂ ਦੀ ਸੋਚ ਹੈ ਕਿ ਸਮਾਜ ਸਾਨੂੰ ਜ਼ਿੰਦਗੀ ਦੀ ਕਿਸੇ ਵਿਸ਼ੇਸ਼ ਮੰਜ਼ਿਲ ਤੱਕ ਪਹੁੰਚਾਉਂਦਾ ਹੈ, ਉਸ ਸਮਾਜ ਲਈ ਕੁਝ ਕਰਨਾ ਮਨੁੱਖ ਦਾ ਨੈਤਿਕ ਫਰਜ਼ ਹੈ। ਉਹ ਹੋਰ ਉਦਯੋਗਪਤੀਆਂ ਵਾਂਗੂੰ ਸਿਰਫ਼ ਪੈਸੇ ਦੀ ਦੌੜ ਪਿੱਛੇ ਨਹੀਂ ਭੱਜੇ ਸਗੋਂ ਸਾਫ ਸੁਥਰੀ ਜ਼ਿੰਦਗੀ ਜਿਉਣ ਵਿਚ ਵਿਸ਼ਵਾਸ ਰੱਖਦੇ ਹਨ। ਉਹ ਰੰਗ ਮੰਚ ਦੇ ਮਾਧਿਅਮ ਰਾਹੀਂ ਇਸ ਭ੍ਰਿਸ਼ਟ ਸਮਾਜ ਨੂੰ ਬਦਲਣ ਵਿਚ ਖੁਦ ਵੀ ਯਤਨਸ਼ੀਲ ਹਨ ਤੇ ਬਾਕੀਆਂ ਨੂੰ ਪ੍ਰੇਰਨਾ ਵੀ ਦੇ ਰਹੇ ਹਨ। ਉਹ ਕਲਾਤਮਕ ਤੇ ਸਾਹਿਤਿਕ ਬਿਰਤੀਆਂ ਦੇ ਮਾਲਕ ਹਨ। ਇਸੇ

ਸੰਵੇਦਨਾ ਤਹਿਤ ਉਹਨਾਂ ਨੇ ਲੋਹੇ ਦੀ ਭੱਠੀ, ਫ਼ਾਸਲੇ, ਕੁਦੇਸਣ , ਪਾਏਦਾਨ, ਮਿਰਚ ਮਸਾਲਾ ਅਤੇ ਕੂੜੇਦਾਨ ਦੀ ਜਾਈ ਆਦਿ ਨਾਟਕ ਪੰਜਾਬੀ ਸਾਹਿਤ ਦੀ ਝੋਲੀ ਪਾਏ। ਨਾਟ ਸ਼ੈਲੀ ਦੀ ਪ੍ਰਪੱਕਤਾ ਕਾਰਨ ਹੀ ਜਤਿੰਦਰ ਬਰਾੜ ਨੂੰ ਕਈ ਪੁਰਸਕਾਰ ਪ੍ਰਾਪਤ ਹੋਏ ਜਿਵੇਂ ਨਾਟਿਆਸ਼੍ਰੀ ਪੁਰਸਕਾਰ ,ਮੁਹੰਮਦ ਰਫ਼ੀ ਪੁਰਸਕਾਰ ਅਤੇ ਗੁਰੂ ਰਾਮ ਸੋਸਾਇਟੀ ਪੁਰਸਕਾਰ ਆਦਿ। ਰੰਗ ਮੰਚ ਦੇ ਖੇਤਰ ਵਿਚ ਉਹਨਾਂ ਦੁਆਰਾ ਪਾਏ ਗਏ ਯੋਗਦਾਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਅੰਮ੍ਰਿਤਸਰ ਵਿਖੇ ਬਲੇਡ ਬਣਾਉਣ ਦੀ ਫੈਕਟਰੀ ਵਿਚਲੇ ਕੰਮ ਨੂੰ ਘਟਾ ਕੇ ਉਸਦੇ ਵਿਹੜੇ ਵਿਚ ਨਾਟ ਪ੍ਰੇਮੀਆਂ ਲਈ ਆਪਣੇ ਹੱਥੀਂ ਕਲਾ ਦਾ ਇੱਕ ਮੰਦਰ ਸਜਾ ਦੇਣਾ ਅਤੇ ਸਹਿਜੇ ਸਹਿਜੇ ਉਸ ਓਪਨ ਏਅਰ ਸਟੇਜ ਦਾ ਏਸ਼ੀਆ ਦੇ ਪ੍ਰਸਿੱਧ ਆਡੀਟੋਰੀਅਮ ਵਿਚ ਤਬਦੀਲ ਹੋ ਜਾਣਾ ਜਤਿੰਦਰ ਬਰਾੜ ਦੀ ਹੀ ਨਹੀਂ ਸਮੁੱਚੇ ਪੰਜਾਬੀ ਰੰਗ ਮੰਚ ਦੀ ਉਪਲਬਧੀ ਆਖੀ ਜਾ ਸਕਦੀ ਹੈ।

1991 ਵਿਚ ਲਿਖਿਆ ਇਹ ਨਾਟਕ ਪਹਿਲੀ ਵਾਰ 1992 ਵਿਚ ਰੰਗਮੰਚ ਉੱਤੇ ਪੇਸ਼ ਕੀਤਾ ਗਿਆ। ਨਾਟਕਕਾਰ ਜਤਿੰਦਰ ਬਰਾੜ ਨੇ ਅਤਿ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਸਫ਼ਲਤਾਪੂਰਵਕ ਨਾਟਕ ਫ਼ਾਸਲੇ ਨੂੰ ਅਣਗਿਣਤ ਵਾਰੀ ਬਾਖ਼ੂਬੀ ਰੰਗਮੰਚ ਉੱਤੇ ਪੇਸ਼ ਕੀਤਾ ਹੈ। ਉਸ ਨੇ ਫ਼ਾਸਲੇ ਨਾਟਕ ਦੇ ਮੰਚਨ ਲਈ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਡਾ.ਜਤਿੰਦਰ ਬਰਾੜ ਨੇ ਨਾਟਕ ਫ਼ਾਸਲੇ ਦੇ 11ਭਾਗਾਂ( ਸੀਨ) ਅਧੀਨ ਭਿੰਨ ਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਕਰਦਿਆਂ, ਵੀਹਵੀਂ ਸਦੀ ਵਿਚ ਵੱਧ ਰਹੇ ਸਮਾਜ ਦੇ ਹਰ ਪੱਧਰ ਦੇ ਫ਼ਾਸਲੇ ਵਿਰੁੱਧ ਸੁਚੇਤ ਹੋਣ ਦਾ ਮਾਨਵਵਾਦੀ ਸੁਨੇਹਾ ਦਿੱਤਾ ਹੈ। ਫ਼ਾਸਲੇ ਨਾਟਕ ਦੀ ਕਥਾ ਮੰਡ ਖੇਤਰ ਦੇ ਇੱਕ ਪੱਛੜੇ ਹੋਏ ਪਿੰਡ ਦੀ ਡਿਸਪੈਂਸਰੀ ਵਿੱਚ ਤਾਇਨਾਤ ਸ਼ਹਿਰੀ ਡਾਕਟਰ ਅਤੇ ਨੂਰੀ ਨਾਂ ਦੀ ਸਪੇਰਨ ਮੁੱਖ ਪਾਤਰਾਂ ਦੀ ਖਾਮੋਸ਼ ਮੁਹੱਬਤ ਦੇ ਇਰਦ ਗਿਰਦ ਘੁੰਮਦੀ ਹੈ। ਨਾਟਕਕਾਰ ਨੇ ਬੜੇ ਹੀ ਕਲਾਤਮਕ ਤਰੀਕੇ ਨਾਲ ਸਮਾਜ ਵਿੱਚ ਦਿਨੋ ਦਿਨ ਵੱਧ ਰਹੇ ਊਚ ਨੀਚ, ਜਾਤ ਪਾਤ ਅਤੇ ਅਮੀਰੀ ਗਰੀਬੀ ਆਦਿ ਦੇ ਫ਼ਾਸਲਿਆਂ ਨੂੰ ਨਾਟਕ ਵਿੱਚ ਪੇਸ਼ ਕੀਤਾ ਗਿਆ ਹੈ। ਅਮੀਰੀ ਗਰੀਬੀ ਅਤੇ ਊਚ ਨੀਚ ਦੇ ਫ਼ਾਸਲੇ ਇਸ ਨਾਟਕ ਦੇ ਕੇਂਦਰੀ ਬਿੰਦੂ ਹਨ। ਮੁੱਖ ਵਿਸ਼ੇ ਤੋਂ ਇਲਾਵਾ ਨਾਰੀ ਹੋਂਦ ਦਾ ਦੁਖਾਂਤ ,ਪੈਸੇ ਦੇ ਲੋਭੀ, ਭ੍ਰਿਸ਼ਟਾਚਾਰੀ, ਖੁਦਗਰਜ਼ੀ, ਸਰਕਾਰੀ ਅਦਾਰਿਆਂ ਵਿੱਚ ਹੁੰਦੀ ਲੁੱਟ ਖਸੁੱਟ ,ਨਸ਼ੇ, ਜਾਤ ਪਾਤ, ਦਾਜ, ਡਾਕਟਰਾਂ ਦਾ ਮਸ਼ੀਨਾਂ ਵਰਗਾ ਵਿਵਹਾਰ, ਸ਼ਹਿਰੀ ਮਨੁੱਖ ਦੀ ਪ੍ਰਕਿਰਤੀ ਨਾਲੋਂ ਦੂਰੀ ਆਦਿ ਵਿਸ਼ਿਆਂ ਨੂੰ ਗੌਣ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਫ਼ਾਸਲੇ ਨਾਟਕ ਦੇ ਅਧਾਰ ਤੇ ਡਾਕਟਰ ਮੱਧ ਸ਼੍ਰੇਣੀ ਦਾ ਅਜਿਹਾ ਪਾਤਰ ਹੈ ਜੋ ਕਿ ਆਪਣੇ ਕਿੱਤੇ ਪ੍ਰਤੀ ਇਮਾਨਦਾਰ ਹੈ ਪਰ ਆਪਣੇ ਪਰਿਵਾਰ ਦੇ ਵਿਰੁੱਧ ਜਾਣ ਦੀ ਹਿੰਮਤ ਨਹੀਂ ਰੱਖਦਾ, ਡਾਕਟਰ ਦਾ ਨੂਰੀ (ਜੋ ਕਿ ਹੇਠਲੇ ਵਰਗ ਨਾਲ ਸੰਬੰਧਿਤ ਹੈ)ਨਾਲ ਭਾਵਨਾਤਮਕ ਤੌਰ ਤੇ ਲਗਾਓ ਤਾਂ ਹੈ ਪਰ ਸਮਾਜਿਕ ਤੌਰ ਤੇ ਖੁੱਲ੍ਹ ਕੇ ਜਿਉਣਾ ਸਵੀਕਾਰ ਨਹੀਂ ਕਰਦਾ, ਕਥਨੀ ਤੇ ਕਰਨੀ ਤੋਂ ਉਲਾਂਭੇ ਹੁੰਦਾ ਡਾਕਟਰ ਹਰੇਕ ਫ਼ੈਸਲੇ ਵੇਲੇ ਦੁਚਿੱਤੀ ਦਾ ਸ਼ਿਕਾਰ ਹੁੰਦਾ ਹੈ, ਉਹ ਖੁੱਲ੍ਹ ਕੇ ਆਜ਼ਾਦੀ ਮਾਨਣ ਤੋਂ ਅਸਮਰੱਥ ਹੈ, ਇਸ ਪਾਤਰ ਰਾਹੀਂ ਨਾਟਕਕਾਰ ਨੇ ਮੱਧ ਵਰਗੀ ਸ਼੍ਰੇਣੀ ਦੇ ਅਜਿਹੇ ਲੋਕਾਂ ਵੱਲ ਸੰਕੇਤ ਕੀਤਾ ਹੈ ਜੋ ਸਮਕਾਲੀਨ ਪ੍ਰਸਥਿਤੀਆਂ ਦਾ ਕਿਧਰੇ ਵੀ ਵਿਰੋਧ ਨਹੀਂ ਕਰਦੇ, ਸਗੋਂ ਜਿਉਂ ਦੀ ਤਿਉਂ ਉਹ ਜ਼ਿੰਦਗੀ ਜੀਵੀ ਜਾਂਦੇ ਹਨ। ਡਾਕਟਰ ਜਿਥੇ ਆਪਣੇ ਕਿੱਤੇ ਪ੍ਰਤੀ ਇਮਾਨਦਾਰ ਹੈ ਉਥੇ ਆਪਣੀ ਜ਼ਿੰਦਗੀ ਦੇ ਹਾਲਾਤਾਂ ਸੰਬੰਧੀ ਕਿੰਤੂ ਪ੍ਰੰਤੂ ਕਰਦਾ ਨਜ਼ਰ ਨਹੀਂ ਆਉਂਦਾ, ਅਜਿਹੀ ਦੁਬਿਧਾ ਦੀ ਪੁਸ਼ਟੀ ਡਾਕਟਰ ਦੀ ਹੇਠ ਲਿਖੀ ਵਾਰਤਾਲਾਪ ਤੋਂ ਹੁੰਦੀ ਹੈ

"ਇਹ ਇੱਕ ਐਹੋ ਜਿਹੀ ਘੁੰਮਣ ਘੇਰੀ ਏ ਜਿਸ ਵਿਚੋਂ ਕਿਸੇ ਇਕੱਲੇ ਇਨਸਾਨ ਲਈ ਨਿਕਲਣਾ ਬਹੁਤ ਮੁਸ਼ਕਿਲ ਏ। " [1]

ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ ਫ਼ਾਸਲੇ ਵਿਚ ਸਮਾਜ ਅੰਦਰ ਊਚ-ਨੀਚ ,ਅਮੀਰੀ-ਗਰੀਬੀ, ਮਜ਼ਬਾਂ,ਜਾਤ ਪਾਤ ਦੇ ਦਿਨੋ ਦਿਨ ਚੌੜੇ ਹੁੰਦੇ ਜਾ ਰਹੇ ਪਾੜੇ ਨੂੰ ਪੇਸ਼ ਕੀਤਾ ਗਿਆ ਹੈ ਜਿਸ ਆਧਾਰਿਤ ਇਸ ਨਾਟਕ ਵਿਚ ਜਾਂਗਲੀ ਕਬੀਲੇ ਨਾਲ ਸੰਬੰਧਤਿ ਨੂਰੀ ਨਾਂ ਦੀ ਸਪੇਰਨ ਕੁੜੀ ਜੋ ਆਪਣੇ ਹੁਨਰ ਪੱਖੋਂ ਬੜੀ ਅਮੀਰ ਹੈ ਤੇ ਜਦੋਂ ਆਪਣੀਆਂ ਪੁਸ਼ਤਾਂ ਦੀ ਵਿਰਾਸਤ ਨੂੰ ਸੰਭਾਲਦੀ ਹੋਈ ਜਾਂਗਲੀ ਇਲਾਕਿਆਂ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਦੇ ਸੱਪ ਦੇ ਡੰਗੇ ਦਾ ਇਲਾਜ ਬਿਨਾਂ ਕਿਸੇ ਲਾਲਚ ਦੇ ਕਰਦੀ ਹੈ ਪਰ ਉਹ ਪਿੰਡ ਦੇ ਸਰਕਾਰੀ ਡਿਊਟੀ ਨਿਭਾਉਂਦੇ ਡਾਕਟਰ ਦੀ ਪਤਨੀ ਤੇ ਮਾਂ ਦੇ ਅਮੀਰੀ ਦੇ ਡੰਗਾਂ ਦਾ ਸ਼ਿਕਾਰ ਹੋ ਜਾਂਦੀ ਹੈ ਜਿਸ ਬਾਰੇ ਨਾਟਕ ਵਿਚਲੇ ਪਾਤਰਾਂ ਦੀ ਵਾਰਤਾਲਾਪ ਤੋਂ ਸਪਸ਼ਟ ਹੁੰਦਾ ਹੈ ਕਿ ਨੂਰੀ ਦੀ ਅਜਿਹੀ ਸਥਿਤੀ ਦਾ ਆਖਰ ਜ਼ਿਮੇਵਾਰ ਕੌਣ ਹੈ?

ਏਸ ਸਾਰੇ ਦੁਖਾਂਤ ਦਾ ਕੌਣ ਜ਼ੁੰਮੇਵਾਰ ਏ?

ਦਾਰਾ :(ਦੁੱਖ ਅਤੇ ਗੁੱਸੇ ਵਿਚ ) ਸਾਰਾ ਸਮਾਜ ਜ਼ੁੰਮੇਵਾਰ ਏ ਜਿਸ ਸਮਾਜ ਦੇ ਲੋਕਾਂ ਵਿਚ ਊਚ ਨੀਚ ,ਜਾਤ ਪਾਤ ਦੇ ਫ਼ਾਸਲੇ ਹੋਣਗੇ ( ਡੱਬੀ ਨੂੰ ਉੱਪਰ ਕਰਦਾ ਹੋਇਆ) ਉੱਥੇ ਹੁਨਰ ਸੜਦਾ ਰਹੇਗਾ (ਮੁੰਦਰੀ ਉੱਪਰ ਕਰਦਾ ਹੋਇਆ) ਇਨਸਾਨੀਅਤ ਸੜਦੀ ਰਹੇਗੀ। [2]

ਨਾਰੀ ਹੋਂਦ ਦੇ ਦੁਖਾਂਤ ਨੂੰ ਵੀ ਫ਼ਾਸਲੇ ਨਾਟਕ ਵਿਚ ਪੇਸ਼ ਕੀਤਾ ਗਿਆ ਹੈ। ਔਰਤ ਨਾਲ ਸਦੀਆਂ ਤੋਂ ਧੱਕੇਸ਼ਾਹੀ ਹੁੰਦੀ ਆਈ ਹੈ। ਜਿਸ ਕਰਕੇ ਔਰਤ ਤ੍ਰਾਸਦੀ ਦੀ ਸ਼ਿਕਾਰ ਰਹੀ ਹੈ। ਨਾਟਕਕਾਰ ਨੇ ਨਾਟਕ ਵਿਚਲੀ ਪਾਤਰ ਨੂਰੀ ਰਾਹੀਂ ਕਬੀਲੇ ਦੁਆਰਾ ਔਰਤ ਨੂੰ ਇੱਕ ਵਸਤੂ ਤੋਂ ਵੱਧ ਕੁਝ ਨਾ ਸਮਝਣ ਵਾਲੇ ਸਮਾਜ ਦੀ ਕੋਝੀ ਕਰਤੂਤ ਨੂੰ ਪੇਸ਼ ਕੀਤਾ ਗਿਆ ਕਿ ਕਿਵੇਂ ਨੂਰੀ ਦੇ ਕਬੀਲੇ ਵਿਚ ਕੁੜੀਆਂ ਦੀ ਬੋਲੀ ਲਾ ਕੇ ਉਨ੍ਹਾਂ ਨੂੰ ਵੇਚਿਆ ਜਾਂਦਾ ਸੀ। ਨਾਟਕ ਵਿਚ ਇਸ ਭੈੜੇ ਰਿਵਾਜ਼ ਬਾਰੇ ਨੂਰੀ ਦੇ ਇਸ ਸੰਵਾਦ ਤੋਂ ਪੁਸ਼ਟੀ ਹੁੰਦੀ ਹੈ :

ਨੂਰੀ: ਜਦੋਂ ਕੁੜੀ ਛੇ-ਸੱਤਾਂ ਵਰ੍ਹਿਆਂ ਦੀ ਹੁੰਦੀ ਏ ਨਾ, ਤਾਂ ਇੱਕ ਦਿਨ ਮਿੱਥ ਕੇ ਢੰਡੋਰਾ ਫੇਰ ਦਿੱਤਾ ਜਾਂਦਾ ਏ।

ਡਾਕਟਰ : ਫੇਰ

ਨੂਰੀ : ਫੇਰ ਕੀ ਬਾਬੂ ਫਿਰ ਬੋਲੀ ਲੱਗਦੀ ਏ। ਜਿਸ ਦੀ ਬੋਲੀ ਸਭ ਤੋਂ ਉੱਚੀ ਹੋਵੇ। ਉਹਦੇ ਨਾਲ ਗੱਲ ਪੱਕੀ ਹੁੰਦੀ ਆਈ।[3]

ਜਿੱਥੇ ਅਨਪੜ੍ਹਤਾ ਅਤੇ ਅਗਿਆਨਤਾ ਅਧੀਨ ਨੂਰੀ ਦੇ ਕਬੀਲੇ ਵਿਚ ਔਰਤ ਨੂੰ ਇੱਕ ਵਸਤੂ ਵਾਂਗ ਵੇਚਿਆ ਜਾਂਦਾ ਹੈ, ਉਥੇ ਪੜ੍ਹੀ ਲਿਖੀ ਮੱਧ ਸ਼੍ਰੇਣੀ ਵੱਲੋਂ ਲਾਲਚੀ ਪ੍ਰਵਿਰਤੀ ਅਧੀਨ ਮੁੰਡੇ ਦੇ ਵਿਆਹ ਸਮੇਂ ਵੱਧ ਤੋਂ ਵੱਧ ਦਾਜ ਹੜੱਪ ਕੇ ਉਸ ਨੂੰ ਵੇਚਿਆ ਜਾਂਦਾ ਹੈ, ਡਾਕਟਰ ਵਰਗੇ ਅਨੇਕਾਂ ਲੋਕ ਗਲਤ ਸਮਾਜਿਕ ਕਦਰਾਂ ਕੀਮਤਾਂ ਦੀ ਭੇਂਟ ਚੜ੍ਹ ਜਾਂਦੇ ਹਨ ਤੇ ਆਪਣੀ ਬੇਵਸੀ ਕਾਰਨ ਪ੍ਰਸਥਿਤੀਆਂ ਅੱਗੇ ਗੋਡੇ ਟੇਕ ਦਿੰਦੇ ਹਨ, ਜੋ ਕਿ ਡਾਕਟਰ ਦੀ ਵਾਰਤਾਲਾਪ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ,

ਡਾਕਟਰ: ਨਹੀਂ (ਸੋਚ ਕੇ ) ਹੂੰ...............। । ਹੁੰਦੇ ਨੇ ਫ਼ਰਕ ਸਿਰਫ਼ ਏਨਾ ਹੈ ਕਿ ਅਸੀਂ ਲੋਗ ਮੁੰਡਾ ਵੇਚਦੇ ਹਾਂ।

ਨੂਰੀ : (ਹੈਰਾਨਗੀ ਨਾਲ ) ਅੱਛਾ !ਬਾਬੂ ਢੰਡੋਰਾ ਵੀ ਪਟਵਾਂਦੇ ਨੇ?

ਡਾਕਟਰ : ਹਾਂ ਅਖਬਾਰਾਂ ਵਿਚ ਛਪਾਇਆ ਜਾਂਦਾ ਜਾਂ ਦਲਾਲ ਕੀਤੇ ਜਾਂਦੇ ਨੇ। [4]

ਗੈਰ ਇਨਸਾਨੀਅਤ ਭ੍ਰਿਸ਼ਟਾਚਾਰੀ ਰਿਸ਼ਵਤਖੋਰੀ ਦੂਜਿਆਂ ਦੇ ਰਿਸ਼ਤਿਆਂ ਵਿਚ ਤਰੇੜਾਂ ਪਾਉਣਾ, ਮਾੜੀ ਨੀਅਤ, ਔਰਤ ਨਾਲ ਬਦਸਲੂਕੀ ਕਰਨ ਵਾਲੇ ਕਰਮ ਚੰਦ ਵਰਗੇ ਪਾਤਰ ਅਜਿਹੇ ਲੋਕਾਂ ਦੇ ਕਿਰਦਾਰ ਨੂੰ ਪੇਸ਼ ਕਰਦੇ ਹਨ, ਜਿਹੜੇ ਕਿਸੇ ਵੀ ਹੱਦ ਤੱਕ ਡਿੱਗ ਜਾਂਦੇ ਹਨ ਅਜਿਹੇ ਮਨੁੱਖਾਂ ਵਿਚ ਪੈਸੇ ਦੀ ਅੰਨ੍ਹੀ ਦੌੜ ਲੱਗੀ ਹੁੰਦੀ ਹੈ ਤੇ ਉਹਨਾਂ ਵਿਚ ਲਾਲਚੀ ਪ੍ਰਵਿਰਤੀ ਇੰਨੀ ਪ੍ਰਬਲ ਹੁੰਦੀ ਹੈ ਕਿ ਉਹ ਕਿਸੇ ਦੀ ਜਾਨ ਦੀ ਪਰਵਾਹ ਨਹੀਂ ਕਰਦੇ ਇੱਥੋਂ

ਤੱਕ ਕਿ ਬੱਚਿਆਂ ਦੀ ਜਾਨ ਨੂੰ ਵੀ ਆਪਣੇ ਲਾਲਚ ਦੀ ਬਲੀ ਚੜ੍ਹਾ ਦਿੰਦੇ ਹਨ ਅਤੇ ਕਰਮਚੰਦ ਆਪਣੀ ਅਜਿਹੀ ਖੁਦਗਰਜ਼ੀ ਅਤੇ ਲੋਭੀ ਪ੍ਰਵਿਰਤੀ ਅਧੀਨ ਨੂਰੀ ਨੂੰ ਆਪਣੀਆਂ ਚਾਲਾਂ ਵਿਚ ਫਸਾਉਣਾ ਚਾਹੁੰਦਾ ਹੈ, ਜੋ ਕਿ ਹੇਠ ਲਿਖੀ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਹੈ:

ਕਰਮ ਚੰਦ: ਆ ਹੀ,ਸਕੂਲ ਕੋਲੋਂ ਸੱਪ ਫੜਨ ਵਾਲੀਆਂ ਗੱਲਾਂ। ਕਮਲੀਏ ,ਜਦੋਂ ਕਿਸੇ ਬੱਚੇ ਨੂੰ ਸੱਪ ਲੜਨ ਦਾ ਕੇਸ ਆਉਂਦੈ, ਅਸਲੀ ਕਮਾਈ ਹੀ ਉਦੋਂ ਹੁੰਦੀ ਏ। ਸੱਪ ਬੱਚੇ ਨੂੰ ਲੜਿਆ ਹੁੰਦੈ, ਤੜਫਦੇ ਮਾਪੇ ਫਿਰਦੇ ਨੇ। ਐਹੋ ਜਹੇ ਮੌਕੇ ਜੋ ਮੰਗੋ ਮਿਲ ਜਾਂਦੈ। ਜੇ ਪੈਸੇ ਘੱਟ ਹੋਣ ਤਾਂ ਮਾਪੇ ਆਪਣੇ ਆਪ ਨੂੰ ਵੇਚ ਕੇ ਵੀ ਸਾਨੂੰ ਦੇਣ ਨੂੰ ਤਿਆਰ ਹੋ ਜਾਂਦੇ ਨੇ।[5]

ਇਸ ਵਾਰਤਾਲਾਪ ਤੋਂ ਸਪਸ਼ਟ ਹੁੰਦਾ ਹੈ ਕਿ ਅਜੋਕੇ ਮਨੁੱਖ ਵਿਚੋਂ ਇਨਸਾਨੀਅਤ ਕਿਤੇ ਖੰਭ ਲਾ ਕੇ ਕੋਹਾਂ ਦੂਰ ਉੱਡ ਗਈ ਜਾਪਦੀ ਹੈ ਜਿਥੇ ਕਿਸੇ ਨਾਲ ਹਮਦਰਦੀ ਜਾਂ ਸਹਾਇਤਾ ਕਰਨ ਦੀ ਥਾਂ ਅੱਤ ਦਰਜੇ ਦਾ ਨਿਰਦਈਪੁਣਾ ਦਿਸਦਾ ਹੈ:

ਦਾਰਾ: ( ਉੱਪਰ ਵੱਲ ਵੇਖਦਾ ਹੋਇਆ ਲੰਬਾ ਸਾਹ ਲੈ ਕੇ) ਵਾਹ ਓ ਦਾਤਾ, ਤੇਰੀ ਦੁਨੀਆ ,(ਕਰਮ ਚੰਦ ਵੱਲ ਦੇਖ ਕੇ ) ਕੋਈ ਕੜਿੱਕੀ ਵਿਚ ਫਸੇ ਦੇ ਖੀਸੇ ਕੱਟੀ ਜਾਂਦਾ ਏ, (ਨੂਰੀ ਵੱਲ ਵੇਖ ਕੇ) ਕੋਈ ਆਪਣੀ ਮਿਹਨਤ ਦਾ ਮੁੱਲ ਵੀ ਨਹੀਂ ਲੈਂਦਾ। [6]

ਜਦੋਂ ਕਰਮਚੰਦ ਨੂਰੀ ਨੂੰ ਆਪਣੀ ਚਾਲਾਂ ਵਿਚ ਫਸਾਉਣ ਵਿਚ ਨਾ ਕਾਮਯਾਬ ਹੁੰਦਾ ਹੈ ਤਾਂ ਨੂਰੀ ਨਾਲ ਅੱਤ ਦਰਜੇ ਦਾ ਮਾੜਾ ਵਿਵਹਾਰ ਕਰਦਾ ਹੋਇਆ ਘਿਨੌਣੇ ਸ਼ਬਦਾਂ ਦੀ ਵਰਤੋਂ ਕਰਦਾ ਹੈ,

"ਮੈਂ ਗਿਣ ਗਿਣ ਬਦਲੇ ਲਊਂ ਤੇਰੇ ਕੋਲੋਂ ਕਮਜ਼ਾਤੇ" [7]

ਨਾਟਕ ਵਿੱਚ ਨਾਟਕਕਾਰ ਵੱਲੋਂ ਸਧਾਰਨ ਤੇ ਗਰੀਬ ਪੇਂਡੂ ਲੋਕਾਂ ਦੀ ਸਰਕਾਰੀ ਦਫਤਰਾਂ ਤੇ ਹਸਪਤਾਲਾਂ ਵਿਚ ਹੁੰਦੀ ਲੁੱਟ ਖਸੁੱਟ, ਫ਼ੈਲੇ ਭ੍ਰਿਸ਼ਟਾਚਾਰ ਅਤੇ ਕੁਝ ਲਾਲਚੀ ਡਾਕਟਰਾਂ ਤੇ ਵੀ ਵਿਅੰਗ ਕੀਤਾ ਗਿਆ ਹੈ ਜਿਵੇਂ ਨਾਟਕ ਦੇ ਆਰੰਭ ਵਿਚ ਹੀ ਨਾਮੋ ਦੇ ਪਤੀ ਨੂੰ ਸੱਪ ਦੇ ਕੱਟਣ ਤੇ ਹਸਪਤਾਲ ਵਿਚ ਪਹੁੰਚਾਇਆ ਜਾਂਦਾ ਹੈ ਤਾਂ ਉਸ ਵੇਲੇ ਡਾਕਟਰ ਕੋਲ ਕੋਈ ਵਿਸ਼ੇਸ਼ ਦਵਾਈ ਨਹੀਂ ਹੁੰਦੀ, ਜਿਸ ਕਰਕੇ ਡਾਕਟਰ ਆਪਣੀ ਬੇਵਸੀ ਤੇ ਝੂਰਦਾ ਹੈ ਕਿਉਂਕਿ ਪੇਂਡੂ ਹਸਪਤਾਲਾਂ ਵਿਚ ਸਿਹਤ ਸਹੂਲਤਾਂ ਦੀ ਘਾਟ ਹੁੰਦੀ ਹੈ ,ਜਿਸ ਕਾਰਨ ਪੇਂਡੂ ਲੋਕਾਂ ਨੂੰ ਕਈ ਵਾਰੀ ਆਪਣੀ ਜਾਨ ਵੀ ਗਵਾਉਣੀ ਪੈਂਦੀ ਹੈ। ਪੇਂਡੂ ਹਸਪਤਾਲਾਂ ਦੀ ਮਾੜੀ ਕਾਰਗੁਜ਼ਾਰੀ ਨੂੰ ਨਾਟਕਕਾਰ ਨੇ ਨਾਟਕ ਵਿਚ ਬਾਖੂਬੀ ਪੇਸ਼ ਕੀਤਾ ਹੈ।

ਡਾਕਟਰ:ਸਭ ਤੋਂ ਵੱਡੀ ਗੱਲ ਇਹੋ ਜਿਹੀਆਂ ਕੀਮਤੀ ਦਵਾਈਆਂ ਸਾਡੇ ਪਿੰਡਾਂ ਤੱਕ ਪਹੁੰਚਦੀਆਂ ਹੀ ਨਹੀਂ ਸ਼ਹਿਰਾਂ ਵਿਚ ਹੀ ਰਹਿ ਜਾਂਦੀਆਂ ਨੇ। [8]

ਜਤਿੰਦਰ ਬਰਾੜ ਵੱਲੋਂ ਰਾਜਸੀ ਨੇਤਾਵਾਂ ਦੀਆਂ ਗਲਤ ਨੀਤੀਆਂ ਤੇ ਸਰਕਾਰੀ ਮਹਿਕਮੇ ਦੇ ਉੱਚ ਅਧਿਕਾਰੀਆਂ ਦੇ ਹੱਥਾਂ ਵਿਚ ਸਹਿਕਦੀ ਜਨ ਸਧਾਰਨ ਦੀ ਜ਼ਿੰਦਗੀ ਨੂੰ ਆਪਣੇ ਨਾਟਕ ਵਿਚ ਬਿਆਨ ਕੀਤਾ ਗਿਆ ਹੈ। ਸਿਆਸੀ ਆਗੂਆਂ ਵੱਲੋਂ ਪਦਵੀ ਲਈ ਚੁਣੇ ਜਾਣਾ ਤੇ ਫਿਰ ਪਦਵੀ ਤੇ ਬਰਕਰਾਰ ਰਹਿਣ ਲਈ ਸਧਾਰਨ ਲੋਕਾਂ ਨਾਲ ਨਿੱਤ ਨਵੇਂ ਵਾਅਦੇ ਕਰਕੇ ਮੁੱਕਰ ਜਾਣਾ ਕੋਈ ਵੱਡੀ ਗੱਲ ਨਹੀਂ, ਫ਼ਾਸਲੇ ਨਾਟਕ ਵਿਚਲੀ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਹੈ,

ਡਾਕਟਰ: ਤੋੜੀ ਕਿਉਂ ਨਹੀਂ ਜਾ ਸਕਦੀ? ਕਿਹੜੇ ਮਾਹੌਲ ਵਿਚ ਰਹਿੰਦੀ ਹੈ ?(ਦਰਸ਼ਕਾਂ ਵੱਲ) ਸਾਡੇ ਸਮਾਜ ਦੇ ਵੱਡੇ ਵੱਡੇ ਲੋਕ ਵੱਡੀਆਂ ਵੱਡੀਆਂ ਕਸਮਾਂ ਖਾ ਕੇ ,ਵਾਅਦੇ ਡਕਾਰ ਮਾਰ ਜਾਂਦੇ ਹਨ। ਉਨ੍ਹਾਂ ਦੀਆਂ ਕਸਮਾਂ ਖਾਧੀਆਂ (ਜ਼ੋਰ ਦੇ ਕੇ )ਖਾਧੀਆਂ ਹੀ ਜਾਂਦੀਆਂ ਹਨ, ਜਿਵੇਂ ਲੱਕੜੀ ਨੂੰ ਘੁਣ ਖਾ ਜਾਂਦਾ ਹੈ ਜਾਂ ਲੋਹੇ ਨੂੰ ਜੰਗਾਲ ਖਾ ਜਾਂਦਾ ਹੈ।[9]

ਨਾਟਕਕਾਰ ਜਤਿੰਦਰ ਬਰਾੜ ਨੇ ਨਾਟਕ ਫ਼ਾਸਲੇ ਦੀ ਕਥਾ ਵਸਤੂ ਵਜੋਂ ਡਾਕਟਰ ਤੇ ਨੂਰੀ ਦੀ ਖਾਮੋਸ਼ ਮੁਹੱਬਤ ਨੂੰ ਪੇਸ਼ ਕੀਤਾ ਹੈ ਜਿਹੜੀ ਕਿ ਸਮਾਜਕਿ ਫਾ਼ਸਲਿਆਂ ਊਚ ਨੀਚ ,ਅਮੀਰੀ-ਗਰੀਬੀ ਦੀ ਬਲੀ ਚੜ੍ਹ ਜਾਂਦੀ ਹੈ, ਜਿਥੇ ਭਾਵਨਾਤਮਕ ਲਗਾਓ ਦਾ ਦਮਨ ਹੁੰਦਾ ਹੈ। ਡਾਕਟਰ ਤੇ ਨੂਰੀ ਦੇ ਸੁਪਨਿਆਂ ਦਾ ਉਦੋਂ ਗਲਾ ਘੁੱਟਿਆ ਜਾਂਦਾ ਹੈ, ਜਦੋਂ ਡਾਕਟਰ ਸਮਾਜਿਕ ਸਥਿਤੀਆਂ ਵਿਰੁੱਧ ਕਿਧਰੇ ਵੀ ਸੰਘਰਸ਼ ਨਹੀਂ ਕਰਦਾ, ਸਗੋਂ ਕਿ ਬੇਵੱਸ ਹੋਇਆ ਗਲਤ ਕਦਰਾਂ ਕੀਮਤਾਂ ਦੇ ਵਹਾਓ ਵਿਚ ਹੀ ਵਹਿ ਜਾਂਦਾ ਹੈ ਪਰ ਸਾਡੇ ਸਮਾਜ ਵਿਚ ਸਮਾਜਿਕ ਰਿਸ਼ਤੇ ਅਕਸਰ ਧਰਮਾਂ ਜਾਤਾਂ ਜਾਇਦਾਦਾਂ ਦੇ ਆਧਾਰ ਤੇ ਬਣਾਏ ਜਾਂਦੇ ਹਨ ਜਿਹੜੇ ਰਿਸ਼ਤੇ ਸੌਦਿਆਂ ਤੇ ਅਧਾਰਿਤ ਹੋਣ ,ਉਹ ਪਿਆਰ ਦੇ ਰਿਸ਼ਤੇ ਨਹੀਂ ਬਣ ਸਕਦੇ, ਪਿਆਰ ਤਾਂ ਇੱਕ ਜਜ਼ਬਾ ਏ,ਦੋ ਦਿਲਾਂ ਦੇ ਮੇਲ ਨੂੰ ਪਿਆਰ ਕਹਿੰਦੇ ਨੇ ਪਿਆਰ ਦੇ ਰਿਸ਼ਤੇ ਲਈ ਸਮਾਜਿਕ ਫਾ਼ਸਲੇ ਤੇ ਕੋਈ ਮਾਅਨੇ ਨਹੀਂ ਰੱਖਦੇ। ਨੂਰੀ ਤੂੰ ਮੇਰਾ ਪਿਆਰ ਦਾ ਰਿਸ਼ਤਾ ਏਂ। ਮੇਰੀ ਬੀਵੀ ਮੇਰਾ ਸਮਾਜਿਕ ਰਿਸ਼ਤਾ ਏਂ। [10]

ਫ਼ਾਸਲੇ ਨਾਟਕ ਦੀ ਨਾਇਕਾ ਨੂਰੀ ਜਿਹੜੀਆਂ ਪ੍ਰਸਥਿਤੀਆਂ ਦਾ ਖਾਮਿਆਜ਼ਾ ਭੁਗਦੀ ਹੈ। ਨਿਰਸਵਾਰਥ ਸੱਪ ਦੇ ਡੰਗੇ ਦਾ ਇਲਾਜ ਕਰਦੀ ਹੈ ,ਆਪਣੇ ਕਿੱਤੇ ਪ੍ਰਤੀ ਪੂਰੀ ਤਰ੍ਹਾਂ ਇਮਾਨਦਾਰ , ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੀ ਜਾਨ ਬਚਾਉਂਦੀ

ਹੈ। ਉਸ ਦੀ ਚੰਗਿਆਈ ਕਰਕੇ, ਉਸ ਨੂੰ ਸਮਾਜ ਵਿਚ ਅਜਿਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਹੜੀਆਂ ਉਸਦੀ ਜ਼ਿੰਦਗੀ ਨੂੰ ਦੁੱਭਰ ਬਣਾ ਦਿੰਦੀਆਂ ਹਨ , ਜਦੋਂ ਕਰਮਚੰਦ, ਡਾਕਟਰ ਦੀ ਮਾਂ ਅਤੇ ਡੌਲੀ ਨਾਲ ਰਲ਼ ਕੇ ਅਸਿੱਧੇ ਤੌਰ ਤੇ ਨੂਰੀ ਤੇ ਵਾਰ ਕਰਦਾ ਹੈ:

ਕਰਮਚੰਦ: ਤੇਰੇ ਆ ਜ਼ਖ਼ਮ ਹੁਣ ਰਾਜੀ ਹੋਣੋਂ ਰਏ। ..............ਜ਼ੈਹਰ ਚੂਸਣੋਂ ਵੀ ਗਈ ਤੇ ਬੀਨ ਵਜਾਉਣੋਂ ਵੀ ਗਈ ..............। ਨਾ ਜਿਉਂਦਿਆਂ 'ਚ ਤੇ ਨਾ ਮਰਿਆਂ 'ਚ। [11]

ਇਨਸਾਨ ਨੂੰ ਇਨਸਾਨ ਨਾ ਸਮਝਣਾ ਵਰਗੇ ਵਿਸ਼ੇ ਨੂੰ ਨਾਟਕਕਾਰ ਨੇ ਪਾਤਰ ਡੌਲੀ , ਡਾਕਟਰ ਦੀ ਮਾਂ ਤੇ ਕਰਮ ਚੰਦ ਰਾਹੀਂ ਪ੍ਰਗਟਾਇਆ ਹੈ।ਡੌਲੀ ਤੇ ਨੂਰੀ ਵਿਚਕਾਰ ਵਿਚਾਰਾਤਮਕ ਤੌਰ ਤੇ ਜ਼ਮੀਨ ਆਸਮਾਨ ਦਾ ਫ਼ਾਸਲਾ ਹੈ। ਔਰਤ ਹੀ ਔਰਤ ਦੀ ਦੁਸ਼ਮਣ ਤਹਿਤ ਡੌਲੀ ਅਤੇ ਡਾਕਟਰ ਦੀ ਮਾਂ, ਨੂਰੀ ਨੂੰ ਅਸਿੱਧੇ ਢੰਗ ਰਾਹੀਂ ਨੁਕਸਾਨ ਪਹੁੰਚਾਉਣ ਦਾ ਯਤਨ ਕਰਦੀਆਂ ਹਨ ਤੇ ਕਰਮ ਚੰਦ ਡੌਲੀ ਤੇ ਡਾਕਟਰ ਦੀ ਮਾਂ ਦਾ ਹਰੇਕ ਢੰਗ ਰਾਹੀਂ ਸਾਥ ਦਿੰਦਾ ਹੈ। ਅਖੀਰੀ ਤਿੰਨੋਂ ਰਲ ਕੇ ਨੂਰੀ ਦੇ ਦੁਖਾਂਤਕ ਅੰਤ ਦਾ ਕਾਰਨ ਬਣਦੇ ਹਨ ਇਸ ਤਰ੍ਹਾਂ ਚੰਗਿਆਈ ਹੱਥੋਂ ਮਾਰ ਖਾਣ ਵਾਲੀ ਨੂਰੀ ਇਹਨਾਂ ਤਿੰਨਾਂ ਦਰਿੰਦਿਆਂ ਦੇ ਜ਼ੁਲਮ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਆਪਣੀ ਜਾਨ ਤੋਂ ਹੱਥ ਧੋ ਬੈਠਦੀ ਹੈ। ਇਸ ਮੌਕੇ ਸਿਰਮੌਰ ਕਵੀ ਸੁਰਜੀਤ ਪਾਤਰ ਦੀਆਂ ਲਿਖੀਆਂ ਗਈਆਂ ਕਾਵਿ ਟੁਕੜੀਆਂ ਨੂੰ ਨਾਟਕ ਵਿਚ ਪੇਸ਼ ਕਰਕੇ ਜਤਿੰਦਰ ਬਰਾੜ ਨੇ ਨਾਟਕ ਦੇ ਵਿਸ਼ੇ ਨੂੰ ਹੋਰ ਵੀ ਕਲਾਤਮਕ ਬਣਾ ਦਿੱਤਾ ਹੈ।

ਜ਼ਹਿਰੀ ਨਾਗਾਂ ਦਾ ਜਿਸ ਜ਼ਹਿਰ ਚੂਸਿਆ,
ਮਨੁੱਖੀ ਨਾਗਾਂ ਹੱਥੋਂ ਉਹ ਨੂਰੀ ਮੋਈ। [12]

ਨਾਟਕ ਵਿਚਲੀ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਹੈ ਕਿ ਨੂਰੀ ਇਨ੍ਹਾਂ ਸਮਾਜਿਕ ਫ਼ਾਸਲਿਆਂ ਵਿਰੁੱਧ ਸੰਘਰਸ਼ ਕਰਦੀ ਹੋਈ ਇਸ ਦੁਨੀਆਂ ਨੂੰ ਅਲਵਿਦਾ ਆਖ ਗਈ ।

"ਮੱਸਿਆ ਦੀ ਕਾਲੀ ਰਾਤ ਨੂੰ ਚਾਨਣ ਸੰਗ ਰੁਸ਼ਨਾਉਣ ਲਈ ਮੁੱਢਲੇ ਸਮਾਜੀ ਫ਼ਾਸਲੇ ਇਸ ਧਰਤੀ ਤੋਂ ਮਿਟਾਉਣ ਲਈ ਨੂਰੀ ਭਾਵੇਂ ਇਸ ਦੁਨੀਆਂ ਵਿੱਚ ਨਹੀਂ ਰਹੀ ਪਰ ਉਸਦੀ ਯਾਦ ਹਮੇਸ਼ਾ ਲਈ ਜੀਂਦਾ ਰਹੇਗੀ। ਨੂਰੀ ਦੀ ਯਾਦ ਵਿੱਚ ਬਣਾਈ ਗਈ ਨੂਰੀ ਦੀ ਇਹ ਸਮਾਧ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਦੀਵੇ ਦੀ ਕਵਾਰੀ ਲਾਟ ਹਨੇਰਿਆਂ ਵਿਰੁੱਧ ਸੰਘਰਸ਼ ਕਰ ਰਹੀ ਏ ਤੇ ਹਮੇਸ਼ਾ ਕਰਦੀ ਰਵ੍ਹੇਗੀ। " [13]

ਨਾਟਕਕਾਰ ਜਤਿੰਦਰ ਬਰਾੜ ਨੇ ਸਮਕਾਲੀ ਸਮੇਂ ਵਿਚ ਮਨੁੱਖੀ ਰਿਸ਼ਤਿਆਂ ਬਾਰੇ ਚਰਚਾ ਕਰਦੇ ਹੋਏ ਮਾਂ ਪੁੱਤਰ ਦੇ ਰਿਸ਼ਤੇ ਸੰਬੰਧੀ ਪ੍ਰਗਟਾਵਾ ਕੀਤਾ ਹੈ ਜਿਥੇ ਮਾਂ ਆਪਣੇ ਪੁੱਤਰ ਡਾਕਟਰ ਪ੍ਰਤੀ ਉਪਭਾਵੁਕ ਹੈ ਪਰ ਵਿਆਹ ਦੇ ਸਬੰਧ ਵਿਚ ਆਪਣੇ ਪੁੱਤਰ ਦੀ ਮਰਜ਼ੀ ਨਹੀਂ ਜਾਣਦੀ ਸਗੋਂ ਆਪਣਾ ਫ਼ੈਸਲਾ ਉਸ ਉੱਪਰ ਥੋਪਦੀ ਹੈ

ਮਾਤਾ ਜੀ: ਏਸ ਸ਼ਦਾਈ ਮੁੰਡੇ ਨੂੰ ਮੈਨੂੰ ਕਿਸੇ ਨਾ ਕਿਸੇ ਢੰਗ ਨਾਲ ਕਾਬੂ ਕਰਨਾ ਹੀ ਪੈਣਾ ਏਂ। [14]

ਨਾਟਕਕਾਰ ਜਤਿੰਦਰ ਬਰਾੜ ਨੇ ਨਾਟਕ ਫ਼ਾਸਲੇ ਵਿਚ ਅਜੋਕੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਨੂੰ ਵੀ ਨਾਟਕ ਦੇ ਗੌਣ ਵਿਸ਼ੇ ਦੇ ਰੂਪ ਵਿਚ ਪੇਸ਼ ਕੀਤਾ ਹੈ, ਜਿਵੇਂ ਕੁਦਰਤੀ ਵਰਤਾਰਿਆਂ ਨਾਲੋਂ ਸ਼ਹਿਰੀ ਮਨੁੱਖ ਦੀ ਦੂਰੀ, ਪੈਸੇ ਦੀ ਅੰਨ੍ਹੀ ਦੌੜ ਕਾਰਨ ਮਾੜੇ ਚੰਗੇ ਕੰਮ ਕਰਨੇ, ਡਾਕਟਰਾਂ ਦਾ ਮਸ਼ੀਨਾਂ ਵਰਗਾ ਵਿਵਹਾਰ,ਪ੍ਰਦੂਸ਼ਣ ਅਤੇ ਸ਼ਹਿਰੀ ਮਨੁੱਖ ਪ੍ਰਕਿਰਤੀ ਨਾਲੋਂ ਟੁੱਟਿਆ ਹੋਇਆ ਹੈ ਆਦਿ ,ਜੋ ਨਾਟਕ ਵਿਚਲੀ ਵਾਰਤਾਲਾਪ ਰਾਹੀਂ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ:

ਡਾਕਟਰ: ਨਹੀਂ। ਅਸੀਂ ਆਪਣਾ ਅਸਮਾਨ ਗਵਾ ਲਿਆ ਏ। ਓਥੇ ਸਿਰਫ਼ ਬਸ ਧੂਆਂ ਹੀ ਧੂਆਂ ਹੁੰਦਾ ਏ। ਘੱਟਾ, ਮਿੱਟੀ ਤੇ ਧੂਆਂ ਸੋਚ ਕੇ ਮਨ ਬੜਾ ਦੁਖ ਹੁੰਦਾ ਏ ਕਿ ਅਸੀਂ ਸ਼ਹਿਰੀਆਂ ਨੇ ਉੱਚੀਆਂ ਉੱਚੀਆਂ ਛੱਤਾਂ ਤੇ ਚੁਬਾਰੇ ਤਾਂ ਜ਼ਰੂਰ ਬਣਾ ਲਏ ਨੇ ,ਪਰ ਅਸੀਂ ਆਪਣਾ ਅਸਮਾਨ ਤਾਂ ਗਵਾ ਲਿਆ ਏ। [15]

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਕਿ ਜਿੱਥੇ ਵਿਗਿਆਨ ਨੇ ਹਰ ਦਿਨ ਤਰੱਕੀ ਕਰਕੇ ਭੂਗੋਲਿਕ ਫ਼ਾਸਲੇ ਘਟਾਏ ਹਨ ਉੱਥੇ ਚਿੰਤਾ ਦਾ ਵਿਸ਼ਾ ਇਹ ਹੈ ਕਿ ਅਜੋਕੇ ਮਨੁੱਖ ਦੇ ਮਨਾਂ ਵਿਚਲੇ ਫ਼ਾਸਲੇ ਵਧਦੇ ਹੀ ਵੱਧਦੇ ਜਾ ਰਹੇ ਹਨ। ਨਾਟਕਕਾਰ ਅਨੁਸਾਰ ਅਜਿਹੇ ਫ਼ਾਸਲੇ ਵੱਧਣ ਦੀ ਥਾਂ ਘੱਟਣੇ ਚਾਹੀਦੇ ਹਨ। ਨਾਟਕ ਫ਼ਾਸਲੇ ਰਾਹੀਂ ਨਾਟਕਕਾਰ ਜਤਿੰਦਰ ਬਰਾੜ ਨੇ ਸਮਾਜ ਵਿਚਲੇ ਫ਼ਾਸਲੇ ਮਿਟਾ ਕੇ ਨਿੱਘਰ ਸਮਾਜ ਲਈ ਮਾਨਵਤਾ ਦਾ ਸੁਨੇਹਾ ਦਿੱਤਾ ਹੈ। ਇਹਨਾਂ ਫ਼ਾਸਲਿਆਂ ਪ੍ਰਤੀ ਲਾਮਬੱਧ ਹੋਣ ਦਾ ਸੰਦੇਸ਼ ਦਿੱਤਾ ਹੈ। ਨਾਟਕਕਾਰ ਵੱਲੋਂ ਆਪਣੀ ਸੂਖਮ ਦ੍ਰਿਸ਼ਟੀ ਤੋਂ ਕੰਮ ਲੈਂਦਿਆਂ ਕੇਵਲ ਰਾਜਸੀ ਚਰਿੱਤਰ, ਸਮਾਜਿਕ, ਆਰਥਿਕ ਸਥਿਤੀ, ਔਰਤ ਦੀ ਤ੍ਰਾਸਦਿਕ ਸਥਿਤੀ ਆਦਿ ਮਸਲਿਆਂ ਨੂੰ ਹੀ ਨਹੀਂ ਸਗੋਂ ਸਮਾਜ ਵਿਚ ਹੋਰ ਸੂਖ਼ਮ ਤੇ ਅਣਗੌਲੀਆਂ ਸਮੱਸਿਆਵਾਂ ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ ਹੈ। ਸਾਡੇ ਸਮਾਜ ਵਿਚਲੀਆਂ ਸਮਾਜਿਕ ਬੁਰਾਈਆਂ ਜਾਤ ਪਾਤ, ਊਚ ਨੀਚ,

ਅਮੀਰੀ ਗਰੀਬੀ ਤੇ ਦਾਜ ਵਰਗੀਆਂ ਸਮੱਸਿਆਵਾਂ ਨੂੰ ਨਾਟਕ ਵਿਚ ਪੇਸ਼ ਕਰਕੇ ਨਾਟਕਕਾਰ ਇਹਨਾਂ ਸਾਰੀਆਂ ਸਮੱਸਿਆਵਾਂ ਤੇ ਅਮਾਨਵਵਾਦੀ ਵਰਤਾਰਿਆਂ ਵਿਰੁੱਧ ਸੁਚੇਤ ਹੋਣ ਦਾ ਸੁਨੇਹਾ ਦਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਜਤਿੰਦਰ ਬਰਾੜ, ਫ਼ਾਸਲੇ ,ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ ,2019 ਪੰਨਾ -60
2. ਉਹੀ,ਪੰਨਾ -28
3. ਉਹੀ ,ਪੰਨਾ- 43
4. ਉਹੀ ,ਪੰਨਾ -44
5. ਉਹੀ ,ਪੰਨਾ- 31
6. ਉਹੀ ,ਪੰਨਾ -24
7. ਉਹੀ, ਪੰਨਾ- 64
8. ਉਹੀ, ਪੰਨਾ- 19
9. ਉਹੀ ,ਪੰਨਾ- 27
10. ਉਹੀ ,ਪੰਨਾ -60
11. ਉਹੀ ,ਪੰਨਾ- 87
12. ਉਹੀ, ਪੰਨਾ- 107
13. ਉਹੀ ,ਪੰਨਾ -108
14. ਉਹੀ ,ਪੰਨਾ -51
15. ਉਹੀ, ਪੰਨਾ -35-36